clydebank housing association

# Sheltered Housing Leaflet in Punjabi

Sheltered Housing

**ਸ਼ੇਲਟਰਡ ਹਾਊਸਿੰਗ (ਨਿਗਰਾਨੀ ਵਾਲੀ ਰਿਹਾਇਸ਼)**

What is Sheltered Housing?
Sheltered Housing is accommodation designed specially for people over 60 years of age. The housing might be flats or bungalows. It is designed to help you live comfortably, safely and independently.

**ਸ਼ੈਲਟਰਡ ਹਾਊਸਿੰਗ (ਨਿਗਰਾਨੀ ਵਾਲੀ ਰਿਹਾਇਸ਼ ) ਕੀ ਹੁੰਦੀ ਹੈ?**

ਸ਼ੇਲਟਰਡ ਹਾਊਸਿੰਗ 60 ਸਾਲ ਤੋਂ ਵਡੇਰੀ ਉਮਰ ਦੇ ਬਜ਼ੁਰਗਾਂ ਲਈ ਵਿਸ਼ੇਸ਼ ਤੌਰ ਤੇ ਤਿਆਰ ਕੀਤੀ ਗਈ ਰਿਹਾਇਸ਼ ਹੁੰਦੀ ਹੈ। ਇਹ ਰਿਹਾਇਸ਼ ਫਲੈਟਾਂ ਜਾਂ ਬੰਗਲਿਆਂ ਕਿਸੇ ਵਿਚ ਵੀ ਹੋ ਸਕਦੀ ਹੈ। ਇਸ ਦੀ ਬਣਤਰ ਇਸ ਢੰਗ ਨਾਲ ਕੀਤੀ ਗਈ ਹੁੰਦੀ ਹੈ ਤਾਂ ਜੋ ਤੁਸੀਂ ਆਰਾਮ,ਸੁਰੱਖਿਆ ਅਤੇ ਆਜ਼ਾਦੀ ਨਾਲ ਰਹਿ ਸਕੋ।

Sheltered Housing usually has:
* individual accommodation with its own bathroom and fitted kitchen
* common areas for all the residents to use, including a laundry area, lounge, garden and guest bedroom(s) for family and friends to stay
* full heating
* a lift to upper floors
* a warden or manager close by to help if you need it
* an alarm for 24-hour emergency assistance.

ਸ਼ੇਲਟਰਦ ਹਾਊਸਿੰਗ ਵਿਚ ਆਮ ਤੌਰ ਤੇ ਹੇਠ ਲਿਖੀਆਂ ਚੀਜ਼ਾਂ ਹੁੰਦੀਆਂ ਹਨ:-

.ਨਿਜੀ (ਸਿਰਫ ਤੁਹਾਡੇ ਲਈ) ਰਿਹਾਇਸ਼,ਜਿਸ ਵਿਚ ਬਾਥਰੂਮ ਅਤੇ ਫਿਟਿਡ ਕਿਚਨ ਸ਼ਾਮਲ ਹੁੰਦੇ ਹਨ.
. ਸਾਰੇ ਵਸਨੀਕਾਂ ਦੀ ਵਰਤੋਂ ਲਈ ਸਾਂਝੇ ਵਿਹੜੇ,ਇਸਦੇ ਨਾਲ ਨਾਲ ਕਪੜੇ ਧੋਂਣ ਲਈ ਥਾਂ,ਬੈਠਕ, ਬਗੀਚੀ, ਅਤੇ ਪ੍ਰਾਹੁਣਿਆਂ ਲਈ ਬੈਂਡਰੂਮ ਜਿਸ ਵਿਚ ਪਰਵਾਰ ਅਤੇ ਮਿੱਤਰ ਆ ਕੇ ਰਹਿ ਸਕਦੇ ਹਨ.
. ਹਰ ਜਗ੍ਹਾ ਹੀਟਿੰਗ.
.ਉਪਰਲੀਆਂ ਮੰਜ਼ਲਾਂ ਤਕ ਜਾਣ ਲਈ ਇਕ ਲਿਫਟ.
.ਲੋੜ ਪੈਣ ਤੇ ਤੁਹਾਡੀ ਸਹਾਇਤਾ ਲਈ ਤੁਹਾਡੇ ਆਸਪਾਸ ਇਕ ਵਾਰਡਨ ਜਾਂ ਮੈਨੇਜਰ.
. 24 ਘਮਟੇ ਐਮਰਜੈਂਸੀ (ਔਕੜ ਸਮੇਂ) ਸਹਾਇਤਾ ਪ੍ਰਾਪਤ ਕਰਨ ਲਈ ਇਕ ਅਲਾਰਮ.

What does the warden or manager do?
The warden or manager makes your life easier by helping you to settle in. This includes, for example, showing you how things work, keeping the area outside your home clean, carrying out repairs to your house, helping you deal with problems, and giving you advice if you need it.

clydebank housing association

## Sheltered Housing Leaflet in Punjabi

### ਵਾਰਦਨ ਜਾਂ ਮੈਨੇਜਰ ਕੀ ਕੁਝ ਕਰਦੇ ਹਨ?

ਤੁਹਾਡਾ ਜੀਵਨ ਸੁਖਾਵਾਂ ਕਰਨ ਲਈ ਵਾਰਡਨ ਜਾਂ ਮੈਨੇਜਰ ਤੁਹਾਡੀ ਸਹਾਇਤਾ ਕਰਡੇ ਹੁਨ। ਉਦਾਹਰਣ ਵੱਜੋਂ ਤੁਹਾਨੂੰ ਸਮਝਾਉਣਾ ਕਿ ਕਿਹੜੀ ਚੀਜ਼ ਕਿਵੇਂ ਕੰਮ ਕਰਦੀ ਹੈ। ਤੁਹਾਡੇ ਘਰ ਦਾ ਬਾਹਰਲਾ ਹਿੱਸਾ ਸਾਫ ਸੁਥਰਾ ਰੱਖਣਾ,ਤੁਹਾਡੇ ਘਰ ਦੀ ਮੁਰੰਮਤ ਕਰਨੀ,ਸਮੱਸਿਆਵਾਂ ਨਾਲ ਨਜਿੱਠਣ ਲਈ ਤੁਹਾਡੀ ਸਹਾਇਤਾ ਕਰਨੀ,ਅਤੇ ਲੋੜ ਪੈਣ ਤੇ ਤੁਹਾਨੂੰ ਮਸ਼ਵਰਾ ਦੇਣਾ ਸ਼ਾਮਲ ਹਨ।

Who can apply?
Anyone can apply, if you rent or own your own home. People with a medically assessed need or who wish to move closer to family and friends may have a better chance of being accepted than others.

### ਅਰਜ਼ੀ ਕੌਣ ਦੇ ਸਕਦਾ ਹੈ?

ਕੋਈ ਵੀ ਅਰਜ਼ੀ ਦੇ ਸਕਦਾ ਹੈ, ਭਾਵੇਂ ਤੁਸੀਂ ਕਰਾਏ ਦੇ ਮਕਾਨ ਵਿਚ ਰਹਿੰਦੇ ਹੋ ਜਾਂ ਤੁਹਾਡਾ ਆਪਣਾ ਮਕਾਨ ਹੈ। ਚਿਕਿਤਸਕ (ਡਾਕਟਰੀ) ਤੌਰ ਤੇ ਮੂਲਾਂਕਣ ਕੀਤੀ ਗਈ ਲੋੜ ਵਾਲੇ ਲੋਕਾਂ ਜਾਂ ਜਿਹੜੇ ਆਪਣੇ ਪਰਵਾਰ ਅਤੇ ਮਿੱਤਰਾਂ ਦੇ ਨੇੜੇ ਆ ਕੇ ਰਹਿਣਾ ਚਾਹੁੰਦੇ ਹਨ ਉਨ੍ਹਾਂ ਦੀ ਅਰਜ਼ੀ ਦੀ ਮਨਜ਼ੂਰੀ ਦੇ ਦੂਸਰਿਆਂ ਨਾਲੋਂ ਵਧੇਰੇ ਅਵਸਰ ਹੋਣਗੇ। ਤੁਸੀਂ ਉਸ ਇਲਾਕੇ ਵਿਚ ਇਕ ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਰਹਿੰਦੇ ਰਹੇ ਹੋਵੋ ਜਾਂ ਉਸ ਇਲਾਕੇ ਵਿਚ ਰਹਿਣ ਦੀ ਇੱਛਾ ਹੋਣ ਲਈ ਤੁਹਾਡਾ ਕੋਈ ਵਿਸ਼ੇਸ਼ ਕਾਰਣ ਹੋਵੇ।

How to apply
You can go to the local authority or to the Housing Association that provides the accommodation you are interested in, and fill in an application form. Most Sheltered Housing is rented, but some is available to buy.

### ਅਰਜ਼ੀ ਕਿਵੇਂ ਦੇਣੀ ਹੈ?

ਥੁਸੀਂ ਉਸ ਲੋਕਲ ਅਥੌਰਿਟੀ ਜਾਂ ਹਾਉਸਿੰਗ ਐਸੋਸਿਏਸ਼ਨ ਕੋਲ ਜਾ ਕੇ ਬਿਨੈ-ਪੱਤਰ ਦੇ ਸਕਦੇ ਹੋ ਜੋ ਅਜਿਹੀ ਰਿਹਾਇਸ਼ਦੇ ਪ੍ਰਧਾਨ ਕਰਤਾ ਹੋਣ ਜਿਸ ਵਿਚ ਤੁਸੀਂ ਦਿਲਚਸਪੀ ਰਖਦੇ ਹੋ। ਸ਼ੇਲਟਰਡ ਹਾਉਸਿੰਗ ਵਾਲੇ ਬਹੁਤੇ ਘਰ ਕਿਰਾਏ ਤੇ ਹੀ ਮਿਲਦੇ ਹਨ, ਪਰ ਕੁਝ ਖਰੀਦਣ ਲਈ ਵੀ ਉਪਲਬਧ ਹੁੰਦੇ ਹਨ।

Is Sheltered Housing right for me?
You should think about what your own needs are and what the accommodation can offer. Is the design of the housing suitable for your needs? Is the accommodation in the right location for the services and shops you need? Is there enough room for your family or friends to visit and stay with you? Does it feel like a friendly place where you will be happy?

clydebank housing association

# Sheltered Housing Leaflet in Punjabi

## ਕੀ ਸ਼ੈਲਟਰਦ ਹਾਉਸਿੰਗਮ ਮੇਰੇ ਲਈ ਠੀਕ ਹੋਵੇਗੀ?

ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਇਸ ਗਲ ਵਾਰੇ ਵਿਚਾਰ ਕਰੋ ਕਿ ਤੁਹਾਡੀਆਂ ਨਿਜੀ ਲੋੜਾਂ ਕੀ ਹਨ ਅਤੇ ਰਿਹਾਇਸ਼ ਵਿਚ ਕੀ ਕੁਝ ਸ਼ਾਮਲ ਹੈ। ਕੀ ਰਿਹਾਇਸ਼ ਦੀ ਬਣਤਰ ਤੁਹਾਡੀਆਂ ਲੋੜਾਂ ਦੀ ਪੂਰਤੀ ਕਰਦੀ ਹੈ? ਕੀ ਰਿਹਾਇਸ਼ ਤੁਹਾਡੀਆਂ ਲੋੜੀਂਦੀਆਂ ਸੇਵਾਵਾਂ ਅਤੇ ਦੁਕਾਨਾਂ ਦੇ ਨਜ਼ਦੀਕ ਹੈ? ਜੇ ਤੁਹਾਡੇ ਰਿਸ਼ਤੇਦਾਰ ਜਾਂ ਮਿੱਤਰ ਤੁਹਾਨੂੰ ਮਿਲਣ ਜਾਂ ਕਦੇ ਕਦਾਈ ਤੁਹਾਡੇ ਕੋਲ ਰਹਿਣ ਲਈ ਆਉਣ ਤਾਂ ਕੀ ਉਨ੍ਹਾਂ ਲਈ ਚੋਖੀ ਥਾਂ ਹੈ? ਕੀ ਤੁਹਾਨੂੰ ਲਗਦਾ ਹੈ ਕਿ ਇਹ ਦੋਸਤਾਨਾ ਮਾਹੌਲ ਵਾਲੀ ਥਾਂ ਹੈ ਜਿੱਥੇ ਰਹਿ ਕੇ ਤੁਸੀਂ ਖੁਸ਼ ਹੋਵੋਗੇ?